# ਜੀਉਂਦੀ ਦੁਨੀਆਂ

27815

ਕਰਤਾਰ ਸਿੰਘ 'ਸ਼ਮਸ਼ੇਰ'

SARDAR DYAL SINGH LAHORE LIBRARY
SINGH BROTHERS
Anarkali, Lahore


ਅੰਮ੍ਰਿਤਸਰ
ਭਾਪੇ ਦੀ ਹੱਟੀ (ਰਜਿਸਟਰਡ)
ਬਾਜ਼ਾਰ ਮਾਈ ਸੇਵਾਂ

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ ।

27815

ਪਹਿਲੀ ਵਾਰ ੧੯੪੨
ਮੁੱਲ ਦੋ ਰੁਪਏ ਚਾਰ ਆਨੇ

'ਗਿਆਨੀ ਪ੍ਰੈਸ' ਅੰਮ੍ਰਿਤਸਰ ਵਿੱਚ
ਸ: ਸੰਤੋਖ ਸਿੰਘ ਪ੍ਰਿੰਟਰ ਦੇ ਪ੍ਰਬੰਧ ਹੇਠ ਛਪੀ
ਪਬਲਿਸ਼ਰ:—ਸ: ਹਰਭਜਨ ਸਿੰਘ



ਸ: ਕਰਤਾਰ ਸਿੰਘ 'ਸ਼ਮਸ਼ੇਰ'

SARDAR DYAL SINGH
LAHORE
LIBRARY

ਤੇਰੇ ਨਾਲ ਸੀ ਦੁਨੀਆਂ ਵੱਸਦੀ, ਬੇ-ਸ਼ਕ ਹੁਣ ਵੀ ਵੱਸੇ।
ਪਰ ਇਸ ਮੇਰੇ ਜੀਵਨ ਬਾਗ਼ 'ਚ, ਨ ਫੁਲ ਖਿੜੇ ਨ ਹੱਸੇ।



ਭੇਟਾ

ਅੰਤ ਮਿਠੇ ਵੀਰ ਸ੍ਰ: ਰਣਜੀਤ ਸਿੰਘ ਜੀ ਦੀ ਯਾਦ ਵਿਚ
ਡਾਕਟਰ ਉਤਮ ਸਿੰਘ ਜੀ 'ਸਾਥੀ' ਦੀ ਸੇਵਾ ਵਿਚ,
ਜੋ ਸਦਾ ਮੇਰੇ ਦੁਖ-ਸੁਖ ਦੇ ਖ਼ਿਆਲ ਹਨ।

ਕਰਤਾਰ ਸਿੰਘ 'ਸ਼ਮਸ਼ੇਰ

SARDAR DIAL SINGH
LAHORE
LIBRARY

# ਪ੍ਰਵੇਸ਼

ਕਵਿਤਾ ਹਰ ਇਕ ਮੁਲਕ ਦੀ ਅਪਨੀ ਜ਼ਬਾਨ ਵਿਚ ਰਚੀ ਜਾਂਦੀ ਹੈ। ਵਿੱਦਵਾਨ ਕਵੀ ਤੇ ਸੁਚੱਜੇ ਲਿਖਾਰੀ ਹਰ ਜ਼ਬਾਨ ਦਾ ਸਾਹਿਤ-ਭੰਡਾਰ ਭਰਨ ਲਈ ਮੌਜੂਦ ਹਨ। ਹਰ ਵਰ੍ਹੇ ਸੈਂਕੜੇ ਪੁਸਤਕਾਂ ਪ੍ਰਮਾਣੀਕ ਜ਼ਬਾਨਾਂ ਵਿਚ ਛਪਦੀਆਂ ਤੇ ਵਿਕਦੀਆਂ ਹਨ। ਸੁਤੰਤ੍ਰ ਮੁਲਕਾਂ ਦੇ ਵਿੱਦਵਾਨ ਰੋਟੀ ਤੋਂ ਬੇ-ਫਿਕਰ ਹੋਣ ਦੇ ਕਾਰਣ ਅਪਣੀ ਜ਼ਿੰਦਗੀ ਦੇਸ਼ ਦਾ ਸਾਹਿੱਤ ਉੱਚਾ ਕਰਣ ਲਈ ਗੁਜ਼ਾਰਦੇ ਹਨ। ਪਰ ਫਿਰ ਵੀ ਹਰ ਜ਼ਬਾਨ ਦਾ ਉੱਚਾ ਸਾਹਿਤ ਅਪਣੇ ਦੇਸਾਂ ਦੇ ਗੀਤਾਂ ਦਾ ਮੁਹਤਾਜ ਰਿਹਾ ਹੈ।

ਮੇਰੇ ਲਈ ਇਹ ਕਹਿਣਾਂ ਕਠਨ ਹੈ ਕਿ ਗੀਤ ਦਾ ਜਨਮ ਕਵਿਤਾ ਦੀ ਕੁਖ ਵਿਚੋਂ ਹੋਇਆ। ਸਗੋਂ ਮੈਂ ਇਨ੍ਹਾਂ ਵਿਚ ਲੰਬਾ ਪਾੜ੍ਹਾ ਵੇਖਦਾ ਹਾਂ। ਕਵਿਤਾ ਦੀ ਉੱਚੀ ਉਡਾਰੀ ਹੀ ਕਿਸੇ ਦਾ ਦਿਲ ਖਸਦੀ ਹੈ, ਪਰ ਗੀਤ ਨੀਵੀਂ ਹਵਾ ਵਿਚ ਥਰਕਦਾ ਕੰਨਾਂ ਦੇ ਪਰਦਿਆਂ ਥੀਂ ਲੰਘਕੇ ਦਿਲ ਫਰੋਲ ਲੈਂਦਾ ਹੈ।

ਗਗਨਾਂ ਵਿਚ ਉਡਦੇ ਕਵੀ ਦਾ ਕੰਮ ਗੀਤਾਂ ਦੀ ਰਚਨਾਂ ਕਰਨਾਂ ਨਹੀਂ। ਉਹ ਕੁਦਰਤ ਦੀਆਂ ਗੁੰਝਲਾਂ ਖੋਲ੍ਹਦਾ ਮਸਤੀ ਵਿਚ ਨੱਚਦਾ ਦੀਵਾਨਾਂ ਹੋ ਜਾਂਦਾ ਹੈ। ਕੋਈ ਚੁਭਵੀਂ ਪੀੜ ਵੀ ਉਸਦਾ ਇਲਾਹੀ ਨਸ਼ਾ ਨਹੀਂ ਉਤਾਰ ਸਕਦੀ। ਏਸੇ ਲਈ ਉਸਨੂੰ ਸਮਝਣਾ ਕੁਦਰਤ ਨੂੰ ਸਮਝਣ ਦੇ ਬਰੋਬਰ ਹੈ।

ਗੀਤਾਂ ਦੀ ਪਨੀਰੀ ਪਿਆਰ ਦੀਆਂ ਪੈਲੀਆਂ ਵਿਚ ਉਗਦੀ ਹੈ। ਕਿਸਾਨ' ਇਸ ਦੇ ਰਾਖੇ ਹਨ। ਬ੍ਰਿਹਣਾਂ, ਵਯੋਗਣਾਂ ਦੇ ਅਥਰੂਆਂ ਨਾਲ ਇਹ ਪਲਦੇ ਹਨ। ਖੁਸ਼ੀ ਅਤੇ ਉਦਾਸੀ ਮਿਲਾਪ ਅਰ ਵਿਛੋੜੇ ਨਾਲ ਰੱਜੀਆਂ ਰੂਹਾਂ ਇਸ਼ਕ ਭਰਪੂਰ ਟਕਸਾਲ ਵਿਚ ਗੀਤਾਂ ਦੀ ਘਾੜਤ ਘੜਦੀਆਂ ਹਨ।

ਗੀਤ ਕਦੀ ਰਚਨ ਦੇ ਖਿਆਲ ਨਾਲ ਨਹੀਂ ਰਚੇ ਜਾਂਦੇ, ਸਗੋਂ ਇਸ਼ਕ ਵਿਚ ਰੱਤੀਆਂ ਰੂਹਾਂ ਨੂੰ ਪ੍ਰੀਤਮ ਵਿਛੋੜੇ ਦੀ ਚੋਟ ਲਗਣ ਨਾਲ ਮਿਲ ਬੈਠਣ ਦੀ ਤਾਂਘ ਰਖਦੇ ਤੜਪਦੇ ਦਿਲਾਂ ਚੋਂ ਅਪਣੇ ਆਪ ਜਨਮ ਲੈਂਦੇ ਹਨ। ਇਹ ਨਿਰਮਲ ਅਰੁਕ ਚਸ਼ਮੇ ਪਿਆਰ ਨਾਲ ਪਵਿਤ੍ਰ ਹੋਈਆਂ ਹਿੱਕਾਂ ਚੋਂ ਨਿਕਲਕੇ ਸਦਾ ਜਿਉਂਦੇ ਹਨ। ਅਤੇ ਹਰ ਦਿਲ ਉਤੇ ਇਨ੍ਹਾਂ ਦੀ ਬਾਦਸ਼ਾਹੀ ਬਰਕਰਾਰ ਹੈ।

ਪੰਜਾਬ ਦੀ ਪਵਿੱਤ੍ਰ ਧਰਤੀ ਨੇ ਵਲੀਆਂ, ਫਕੀਰਾਂ, ਸੰਤਾਂ ਸੂਫੀਆਂ ਤੇ ਭਗਤਾਂ ਨੂੰ ਆਪਣੀ ਕੁਛੜ ਵਿਚ ਖਿਡਾਇਆ। ਗੁਰੂ ਨਾਨਕ ਦੀ ਮਿਠੀ ਸਤਾਰ ਸੁਣੀ ਅਤੇ ਬਾਲੇ ਤੇ ਮਰਦਾਨੇ ਦੇ ਸੁਚੱਜੇ ਸਾਥ ਨਾਲ ਟੁਰਦੇ ਦੇ ਚਰਨ ਚੁੰਮੇਂ। ਇਲਾਹੀ ਰੰਗ ਵਿਚ ਰੱਤੇ ਫਰੀਦ ਨੂੰ ਆਪਣੀ ਹਿੱਕ ਤੇ ਨਚਾਇਆ ਤੇ ਉਸਦੀਆਂ ਰੱਬੀ ਇਸ਼ਕ ਵਿਚ ਨਿਕਲੀਆਂ ਕੂਕਾਂ ਸੁਣੀਆਂ। ਬੁਲ੍ਹੇ ਸ਼ਾਹ ਤੇ ਸ਼ਾਹ ਹੁਸੈਨ ਦੀ ਮਸਤੀ ਨੂੰ ਤਕਿਆ। ਹੀਰ ਤੇ ਰਾਂਝੇ ਦੀ ਅਤੁਟ ਪ੍ਰੀਤੀ ਨਿਭਦੀ ਵੇਖੀ, ਡਾਚੀ ਦੇ ਖੁਰੇ ਉਤੇ ਢੱਠੀ ਮੁਟਿਆਰ ਤੇ ਮਿਰਜ਼ੇ ਦੀ ਲੋਥ ਨਾਲ ਚਿੰਬੜੀ ਸਾਹਿਬਾਂ ਦੇ ਕੀਰਨੇ ਸੁਣੇ ਅਤੇ 'ਸੋਹਣੀ' ਇਸ਼ਕ ਝਨਾਂ ਵਿਚ ਡੁਬਕੀਆਂ ਲੈਂਦੀ ਤੱਕੀ।

ਦਿਲ ਪਿਘਲ ਗਿਆ, ਅਰਮਾਨ ਵਹਿ ਤੁਰੇ, ਪੰਜਾਬ ਦੇ ਪੰਜਾਂ ਦਰਿਆਵਾਂ ਦੇ ਕੰਢਿਆਂ ਉਤੇ ਪ੍ਰੀਤਾਂ ਪਲਣ ਲਗੀਆਂ। ਵੰਝਲੀਆਂ ਵੱਜੀਆਂ, ਗੀਤ ਉਮਡ ਪਏ, ਸਾਰਾ ਪੰਜਾਬ ਮਸਤ ਦਿਸਿਆ, ਹੀਰ ਰਾਂਝੇ ਦੀ ਰੂਹ ਪੰਜਾਬੀਆਂ ਦੀ ਹਿੱਕ ਵਿਚ



ਸਮਾ ਗਈ। ਜੂਹਾਂ, ਜੰਗਲਾਂ, ਚਰਾਂਦਾਂ ਵਿਚੋਂ ਪਿਆਰ ਦੀਆਂ ਸੱਦਾਂ ਪੈਣ ਲਗੀਆਂ। ਇਸ ਤਰਾਂ ਸਾਂਝੇ ਪਿਆਰ ਨਾਲ ਸਾਰਾ ਪੰਜਾਬ ਜਿਉਂਦਾ ਰਿਹਾ।

ਵਰ੍ਹਿਆਂ ਦੀ ਗੁਲਾਮੀ, ਹਾਕਮਾਂ ਦੀ ਕਰੜਾਈ ਨੇ ਦੂਲੇ ਦੇਸ਼ ਦੀ ਜੁਆਨੀ ਨੂੰ ਲਲਕਾਰਿਆ, ਸ੍ਵਤੰਤ੍ਰਤਾ ਨੇ ਕੁਰਬਾਨੀਆਂ ਮੰਗੀਆਂ। 'ਜੁਆਨੀ' ਸਦਾ ਆਜ਼ਾਦੀ ਲਈ ਆਉਂਦੀ ਹੈ। ਜਿਹੜੀ ਜੁਆਨੀ ਆਜ਼ਾਦੀ ਦੀ ਭੇਟਾ ਚੜ੍ਹਨ ਤੋਂ ਘਬਰਾਉਂਦੀ ਹੈ, ਉਸਦਾ ਹੋਣਾ ਨ ਹੋਣਾ ਇਕ ਬਰਾਬਰ ਹੈ। ਪੰਜਾਬ ਦੀ ਜੁਆਨੀ ਗ਼ੈਰਤ ਵਿਚ ਆਈ, ਜੋਬਨ ਦੇ ਜ਼ੋਰ ਨਾਲ ਤੇਗਾਂ ਚੁਕੀਆਂ, ਸਜ-ਵਿਆਹੀਆਂ ਦੇ ਲਾੜੇ ਸ਼ਹੀਦੀ ਲਈ ਤਿਆਰ ਹੋਏ, ਮਾਵਾਂ ਦੇ ਇਕਲੌਤੇ ਪੁਤ੍ਰ ਮਹਿੰਦੀ ਰੰਗਲੇ ਹੱਥਾਂ ਚੋਂ ਹੱਥ ਛੁਡਾ ਗਏ, ਮਾਈਏਂ ਪਈਆਂ ਭੈਣਾਂ ਦੇ ਵੀਰ ਅਣਵਿਆਹੀਆਂ ਨੂੰ ਛੱਡ ਟੁਰੇ। ਖੂੰਨ ਦੀਆਂ ਹੋਲੀਆਂ ਖੇਡੀਆਂ, ਦੇਸ਼ ਦੀ ਧਰਤੀ ਨੂੰ ਆਪਣੇ ਲਹੂ ਨਾਲ ਰੰਗਿਆ, ਜੋਬਨ ਰੁੜ੍ਹ ਗਏ, ਜੁਆਨੀਆਂ ਟੁੱਟੀਆਂ। ਭੇੜਾਂ ਤੇ ਘਲੂਘਾਰਿਆਂ ਨੇ ਦੇਸ਼ ਦੀ ਖੁੱਸ ਚੁਕੀ ਆਜ਼ਾਦੀ ਨੂੰ ਵਾਪਸ ਆਂਦਾ, ਸਦੀਆਂ ਦੀ ਗੁਲਾਮੀ ਦੇਸ਼ 'ਚੋਂ ਦੂਰ ਵਗਾਹ ਮਾਰੀ। ਸਿੰਘ ਸਿਪਾਹੀ ਦੀ ਤੇਗ ਦਾ ਧੱਮਾਂ ਬੈਠ ਗਿਆ।

ਉਸ ਜ਼ਮਾਨੇ ਵਿਚ ਜਦੋਂ ਪੰਜਾਬ ਨੇ ਆਪਣੀ ਤਲਵਾਰ ਨਾਲ ਆਪਣਾਂ ਇਤਹਾਸ ਰਚਿਆ ਅਤੇ ਆਪਣੀਆਂ ਔਲਾਦਾਂ ਲਈ ਬਹਾਦਰੀ ਦੀ ਰਵਾਇਤ ਕਾਇਮ ਕੀਤੀ; ਉਨ੍ਹਾਂ ਖੜਕਦੀਆਂ ਤੇਗਾਂ ਦੇ ਸਮੇਂ ਹੀ ਪੰਜਾਬਣਾਂ ਦੇ ਅਰਮਾਨਾਂ 'ਚੋਂ ਗੀਤਾਂ ਦਾ ਜਨਮ ਹੋਇਆ। ਡੁਲ੍ਹ ਡੁਲ੍ਹ ਪੈਂਦੀ ਜੁਆਨੀ 'ਚੋਂ ਚੀਸਾਂ ਨਿਕਲੀਆਂ, ਪਿਆਰ ਭਰਪੂਰ ਇਸਤ੍ਰੀ ਹਿਰਦਾ ਛਲਕਿਆ, ਜੰਗ ਵਲ ਜਾਂਦੇ ਸਿਪਾਹੀ ਦੀ ਮੁਟਿਆਰ ਆਪਣੀ ਸੱਸ ਅਗੇ ਆਪਣੀ ਜੁਆਨੀ ਦਾ ਵਾਸਤਾ ਪਾਉਣ ਲਗੀ–

ਸੱਸੇ ! ਵੇਖ ਨੀਂ ਜੁਆਨੀ ਮੇਰੀ,
ਮੋੜ ਪੁਤ ਆਪਣੇਂ ਨੂੰ ।

ਕਿਤੇ ਇਕ ਰਾਤ ਰਹਿ ਕੇ ਫਿਰ ਵਾਪਸ ਮੁੜ ਚੱਲੇ ਪਤੀ ਦੇ ਘੋੜੇ ਦੀ ਵਾਗ ਫੜ ਕੇ ਮੁਟਿਆਰ ਨੇ ਆਖਿਆ—

ਆਇਆ ਸੀ ਰਾਤੀਂ ਚੜ੍ਹ ਸੁਤਾ ਸਵਾਤੀਂ ਵੇ,
ਕਦੇ ਨ ਪੁਛੀਆਂ ਸਿੰਘ ਜੀ ਦਿਲ ਦੀਆਂ ਬਾਤੀਂ ।
ਆਇਆ ਸੀ ਨ੍ਹੇਰੇ ਵੇ, ਟੁਰ ਚਲਿਆ ਸਵੇਰੇ ਵੇ,
ਦੱਸਕੇ ਤਾਂ ਜਾਣਾ ਸਿੰਘ ਜੀ ਕੀ ਔਗਣ ਵਿਚ ਮੇਰੇ ਵੇ ਹੇ।

ਲਿਖ ਲਿਖ ਚਿੱਠੀਆਂ ਵਟਾਲੇ ਨੂੰ ਘਲਦੀ.
ਤੂੰ ਘਰ ਆ ਗੋਰੀ ਦਿਆ ਕਾਹਨਾਂ ਵੇ ।
ਛੁੱਟੀਆਂ ਨਾ ਮਿਲਦੀਆਂ ਨਾਜ਼ੋ ਪੈਂਚ ਨਾ ਦੇਂਦੇ ਨੀ,
ਪੈਂਚਾਂ ਦੇ ਅਗੇ ਹਾਜ਼ਰ ਹੋਣਾਂ ਹੀਰੇ ।

ਉਹ ਸਮਾਂ ਵਰ੍ਹਿਆਂ ਦੇ ਪਰਦਿਆਂ ਹੇਠ ਕੱਜਿਆ ਗਿਆ ਹੈ ਪਰ ਉਸ ਜ਼ਮਾਨੇ ਦੀ ਯਾਦ ਇਨ੍ਹਾਂ ਗੀਤਾਂ ਵਿਚ ਪੰਜਾਬਣਾਂ ਦੇ ਦਿਲਾਂ ਵਿਚੋਂ ਅਜੇ ਤਕ ਥਰਕਦੀ ਹੈ। ਸਦੀਆਂ ਦੇ ਪੁਰਾਣੇ ਦਫ਼ਤਰ ਹੱਡੀਆਂ ਦੇ ਪਿੰਜਰਾਂ ਵਿਚ ਸੰਭਾਲੇ ਰਹੇ, ਪਰ ਅਜ ਇਨ੍ਹਾਂ ਨੂੰ ਇਸ ਪੁਸਤਕ ਦੀ ਹਿੱਕ ਉਤੇ ਅੰਕਤ ਕਰ ਦਿਤਾ ਹੈ, ਜੋ ਮੇਰੇ ਮਿਟ ਜਾਣ ਤੇ ਵੀ ਜਿਉਂਦੇ ਰਹਿਣਗੇ ।

ਸੌਣ ਦੇ ਮਹੀਨੇ ਕਾਲੀਆਂ ਘਟਾਂ ਵਾਂਗ ਉਠਦੀਆਂ ਮੁਟਿਆਰ-ਤ੍ਰੰਗਾਂ, ਭੈਣਾਂ ਦਾ ਵੀਰ ਪਿਆਰ, ਜੁਆਨੀ ਦੇ ਵਲ-ਵਲੇ, ਸਾਂਝੀ ਧੜਕਣ ਨਾਲ ਗੂੰਜਦੇ ਤ੍ਰਿੰਞਣ, ਫੁਲਾਂ ਵਰਗਾ ਜੀਵਨ-ਖੇੜਾ, ਗੋਰੀਆਂ ਦੇ ਗੀਤਾਂ ਵਿਚਲੇ ਜੁਆਨ ਜਜ਼ਬੇ, ਜਿਉਂਦੇ ਪੰਜਾਬੀਆਂ ਦੇ ਉਦਾਸ ਦਿਲਾਂ ਦੀ ਢਾਰਸ ਹੋ ਸਕਦੇ ਹਨ ।



ਅਜ ਭਾਵੇਂ ਇਹ ਬੀਤ ਗਏ ਵੇਲੇ ਦੀਆਂ ਧੁੰਦਲੀਆਂ ਯਾਦਾਂ ਹਨ, ਪਰ ਇਨ੍ਹਾਂ ਸੁਰਗੀ ਹੁਲਾਰਿਆਂ ਦੀ ਅਤਿ-ਮਿੱਠੀ ਯਾਦ ਨੇ ਪੂਰਨ ਸਿੰਘ ਵਰਗੇ ਅਨੋਖੇ ਢਾਡੀ ਨੂੰ ਪੁਰਾਣੇ ਪੰਜਾਬ ਨੂੰ ਕੂਕਾਂ ਮਾਰਨ ਤੇ ਮਜਬੂਰ ਕੀਤਾ:—

ਆ ਪੰਜਾਬ ਪਿਆਰ ਤੂੰ ਮੁੜ ਆ !
ਆ ਸਿਖ ਪੰਜਾਬ ਤੂੰ ਘਰ ਆ ।
ਤੇਰੇ ਤੂਤ ਦਿਸਣ ਮੁੜ ਸਾਵੇ,
ਮੁੜ ਆਵਣ ਬੂਟਿਆਂ ਨਾਲ ਤੇਰੀ ਦੋਸਤੀਆਂ !
ਤੇਰੇ ਪਿਪਲਾਂ ਹੇਠ ਹੋਣ ਮੁੜ ਮੇਲੇ,
ਤੇਰੇ ਅੰਬਾਂ ਤੇ ਪੀਂਘਾਂ ਉਲਰਦੀਆਂ !
ਕੁੜੀਆਂ, ਨਢੇ, ਮੁੜ ਖੇਡਣ ਅੱਡ਼ਕ ਹੋ ਕੇ,
ਰਲ ਮਿਲ ਉਨ੍ਹਾਂ ਚੰਨੋਂ ਦੀਆਂ ਚਾਨਣੀਆਂ,
ਕਿਰਕਿਲੀਆਂ ਪਾਣ ਰਲ ਮਿਲਕੇ, ਖੇਡਣ ਛੁਪਣ ਲੁਕੀਆਂ !
ਓਹੋ ਰਾਤਾਂ ਮੁੜ ਆਵਣ, ਨਿਰਵੈਰ, ਨਿਰਦ੍ਵੈਖ, ਪਵਿੱਤ੍ਰ,
ਅਬੋਲ, ਬੇ-ਇਲਮ, ਨਿਸ਼ਪਾਪ, ਸੋਹਣੀਆਂ, ਸਵਾਦਲੀਆਂ।
ਓਹੋ ਗਿੱਧੇ, ਉਹੋ ਧੂੜਾਂ ਦਾ ਉਠਾਉਣਾ ਰਲ ਮਿਲ,
ਉਪਰ ਚੰਨ, ਹੇਠ ਚੰਨੀਆਂ, ਬੰਨੇ ਤੇ ਬੰਨੀਆਂ,
ਨੱਚ ਨੱਚ, ਧਮ ਧਮ, ਥੰਮ ਥੰਮ, ਆਖਰ ਆਣ ਨ ਮੁੜ ਉਹੋ !
ਖਿਚ ਖਿਲੀਆਂ ਪੁਰਾਣੀਆਂ !

ਪੂਰਨ ਸਿੰਘ

ਨੱਚਣਾਂ ਕੁਦਣਾਂ ਮਨੁਖ ਦੇ ਅਪਣੇ ਮਨ ਦਾ ਚਾਉ ਹੈ। ਅਨੰਤ ਦੀ ਖੁਸ਼ੀ ਵਿਚ ਰੱਜੀ ਰੂਹ ਪੰਛੀਆਂ ਵਾਂਗ ਗਗਨਾਂ ਵਿਚ ਉਡਣ ਦੀ ਥਾਂ ਧਰਤੀ ਤੇ ਨੱਚਦੀ ਹੈ। ਵਰਖਾ ਰੁੱਤ ਦਾ ਨਾਚ ਤੇ ਗਿੱਧਾ ਪੰਜਾਬੀਆਂ ਨੂੰ ਨਵਾਂ ਜੀਵਨ ਬਖਸ਼ਿਆ ਕਰਦਾ ਸੀ । ਪੰਜਾਬ ਦੇ ਗੂੰਜਦੇ ਤ੍ਰਿੰਞਣ ਮਿਲ ਬੈਠਣ ਦੀ ਤਾਂਘ

ਪੈਦਾ ਕਰਦੇ ਸਨ । ਮਹਾਤਮਾਂ ਗਾਂਧੀ ਜੀ ਦਾ ਕੱਤਣ ਭੰਡਾਰ ਉਨ੍ਹਾਂ ਤ੍ਰਿੰਞਣਾਂ ਦੀ ਨਕਲ ਨਹੀਂ ਤਾਂ ਹੋਰ ਕੀ ਹੈ? ਖੱਦਰ ਪ੍ਰਚਾਰ ਤੇ ਸਾਦਾ ਜੀਵਨ ਗੁਜ਼ਾਰਨ ਦੀਆਂ ਨਸੀਹਤਾਂ ਪੰਜਾਬ ਦੇ ਪਿੰਡਾਂ ਤੋਂ ਚੁਰਾਈਆਂ ਹੋਈਆਂ ਜਾਪਦੀਆਂ ਹਨ ।

ਸੁਧਾਰਕਾਂ ਦਿਆਂ ਤਿਖਿਆਂ ਤੀਰਾਂ ਨੇ ਪੰਜਾਬੀਆਂ ਦੀ ਖੁਸ਼ੀ ਦੀ ਹਿਕ ਛਾਣ ਦਿਤੀ ਹੈ । ਤੀਆਂ, ਤ੍ਰਿੰਞਣ, ਸਾਵੇਂ, ਮੇਲੇ ਮੁਸਾਹਿਬੇ ਖੋਹ ਕੇ ਦੀਵਾਨ, ਜਲਸੇ, ਜਲੂਸਾਂ ਵਲ ਮਨੁਖੀ ਦਿਲ ਨੂੰ ਪ੍ਰੇਰ ਲਿਆ ਹੈ। ਹਜ਼ਾਰਾਂ ਲੈਕਚਰਾਂ ਤੇ ਭੜਕੀਲੀਆਂ ਤਕਰੀਰਾਂ ਨੇ ਪੰਜਾਬੀਆਂ ਦੇ ਦਿਲਾਂ ਵਿਚ ਮਨੁਖੀ ਪਿਆਰ ਲਈ ਕੋਈ ਥਾਂ ਨਹੀਂ ਰਹਿਣ ਦਿਤੀ । ਮਿਲ ਬੈਠਣ ਦੀ ਤਾਂਘ ਗੁਆਚ ਰਹੀ ਹੈ, ਸਾਂਝਾਂ ਟੁਟ ਰਹੀਆਂ ਹਨ, ਚੇਹਰਿਆਂ ਤੋਂ ਲਾਲੀਆਂ ਉਡ ਗਈਆਂ, ਉਹ ਜਾਹੁ ਜਲਾਲ ਨਾ ਰਿਹਾ, ਚਿੜ-ਚਿੜੇ ਸੁਭਾਓ ਕਿਸੇ ਦੇ ਲਹੂ ਨਾਲ ਹੱਥ ਰੰਗਣ ਲਈ ਰੀਝਦੇ ਹਨ । ਜੇਕਰ ਇਹ ਕੁਝ ਪੰਜਾਬੀਆਂ ਦੇ ਪਵਿੱਤ੍ਰ ਨਾਉਂ ਨੂੰ ਕਲੰਕਤ ਕਰਨਾ ਨਹੀਂ ਤਾਂ ਹੋਰ ਕੀ ਹੈ ?

ਅਸੀਂ ਇਸ ਸੁਧਾਰ ਤੋਂ ਰੱਜੇ ! ਆਪਣੀ ਸਭਯਤਾ ਮੰਗਦੇ ਹਾਂ ! ਪੰਜ ਦਰਿਆਵਾਂ ਦਾ ਪਿਆਰ ਅਸੀਂ 'ਟੇਮਜ਼' ਦੀ ਲਹਿਰਾਂ ਵਿਚ ਰੋੜ੍ਹਨਾਂ ਨਹੀਂ ਚਾਹੁੰਦੇ । ਅਸੀਂ ਆਪਣਾ ਇਖਲਾਕ ਮੰਗਦੇ ਹਾਂ । ਸਾਨੂੰ ਇਹ ਖੁਸ਼ਕ ਖੁਰਦਰਾ ਜੀਵਨ ਮਨਜ਼ੂਰ ਨਹੀਂ। ਅਸੀਂ ਖੁਲ੍ਹ ਦੇ ਆਦੀ ਹਾਂ । ਆਜ਼ਾਦ ਰੂਹਾਂ ਗੁਲਾਮ ਨਹੀਂ ਹੁੰਦੀਆਂ ।

ਸਾਡਾ ਇਤਰਾਜ਼ ਹੈ ਕਿ ਸਾਨੂੰ ਸਿਆਣੇ ਸੁਧਾਰਕ ਨਹੀਂ ਮਿਲੇ। ਅਣਜਾਣ ਲੋਕਾਂ ਸਾਡੀ ਖੁਸ਼ੀ ਦਾ ਬਾਗ ਉਜਾੜ ਸੁਟਿਆ ਹੈ । ਸਾਡਾ ਇਤਫਾਕ ਲੁਟਿਆ ਗਿਆ, ਅਸੀਂ ਉਜਾੜੇ ਦਾ ਮੁਲ ਨਹੀਂ ਮੰਗਦੇ, ਦੁਨੀਆਂ ਦੀ ਦੌੜ ਵਿਚ ਪਿਛੇ ਰਹਿਣਾ ਵੀ ਸਾਨੂੰ ਪ੍ਰਵਾਨ ਨਹੀਂ । ਸਭਯਤਾ, ਇਖਲਾਕ, ਦਲੇਰੀ,



ਸਾਹਿੱਤ, ਬਹਾਦਰੀ, ਧੀਰਜ ਤੇ ਠਰੰਮਾਂ ਸਾਡਾ ਸਦੀਆਂ ਦਾ ਵਿਰਸਾ ਹੈ। ਅਸੀਂ ਇਸ ਸਾਥ ਤੋਂ ਵਿਛੜ ਕੇ ਟੁਰਨਾਂ ਪ੍ਰਵਾਨ ਨਹੀਂ ਕਰ ਸਕਦੇ । ਸਾਡੀ ਇਹ ਪੁਰਾਣੀ ਰਵਾਇਤ ਹੈ ਜਿਸ ਨੂੰ ਅਸੀਂ ਭੁਲ ਨਹੀਂ ਸਕਦੇ । ਕਾਗਜ਼ੀ ਘੋੜੇ ਬਣਨਾ ਫਰਜ਼ ਦੀ ਕੋਤਾਹੀ ਹੈ–

ਵਿਚ ਰੰਗ ਦੇ ਮਸਤ ਮਲੰਗ ਹੋ ਕੇ,
 ਲਾਈਏ ਤਾਰੀਆਂ ਅਸੀਂ ਝਨਾਂ ਅੰਦਰ।
ਵਿਚ ਜੰਗ ਦੇ ਤਲੀ ਤੇ ਜਾਨ ਧਰ ਕੇ,
 ਲੜੀਏ ਅਸੀਂ ਤਲਵਾਰਾਂ ਦੀ ਛਾਂ ਅੰਦਰ।
ਵਿਚ ਰੰਗ ਦੇ ਛਿੰਝਾਂ ਤੇ ਘੋਲ ਪਾਈਏ,
 ਢੋਲੇ ਗਾਵੀਏ ਹਲਾਂ ਤੇ ਗਾਂਹ ਅੰਦਰ।
ਵਿਚ ਜੰਗ ਦੇ ਖ਼ੂਨ ਦੀ ਲਾ ਮਹਿੰਦੀ,
 ਪਾਈਏ ਬਾਂਹ ਤਲਵਾਰ ਦੀ ਬਾਂਹ ਅੰਦਰ।
ਅਸੀਂ ਪੰਜਾਂ ਦਰਿਆਵਾਂ ਦੇ ਸ਼ੇਰ ਦੂਲੇ,
 ਦੋਹਾਂ ਦੇਵੀਆਂ ਨੂੰ ਨਮਸਕਾਰ ਸਾਡੀ।
ਵਿਚ ਰੰਗ ਦੇ ਦੇਵੀ ਹੈ ਨਾਰ ਸਾਡੀ,
 ਵਿਚ ਜੰਗ ਦੇ ਦੇਵੀ ਕਟਾਰ ਸਾਡੀ।

ਮੋਹਨ ਸਿੰਘ

ਅਠਾਰਵੀਂ ਉਨੀਵੀਂ ਸਦੀ ਦੇ 'ਗਿਧੇ' ਤੇ 'ਤ੍ਰਿੰਞਣ' ਸਾਵਣ ਦੀਆਂ ਕੁੜੀਆਂ ਵਾਂਗ, ਵੀਹਵੀਂ ਸਦੀ ਦੇ ਪੰਜਾਬ ਨੂੰ ਭੁਲਾਉਣ ਦਾ ਯਤਨ ਕਰਨ ਤੇ ਵੀ ਨਹੀਂ ਭੁਲਣਗੇ। ਪਿਛ-ਲੀਆਂ ਯਾਦਾਂ ਅਗਾਂਹ ਨੱਸਦੇ ਪੰਜਾਬੀਆਂ ਦਾ ਲੜ ਫੜ ਖਲੋਤੀਆਂ ਹਨ ।

ਅਜ ਕਲ੍ਹ ਦੇ ਜ਼ਮਾਨੇ ਵਿਚ ਜਦੋਂ ਪੰਜਾਬੀ ਕਵਿਤਾ ਕੌੜੀ ਵੇਲ ਵਾਂਗ ਵਧ ਰਹੀ ਹੈ । ਅਤੇ ਇਸ ਦਾ ਧਾਰਮਕ ਰੂਪ ਵਟਕੇ ਪੋਲੀਟੀਕਲ ਤੇ ਇਸ ਤੋਂ ਅਗੇ ਨਿਰੋਲ ਸਾਹਿੱਤਕ

**TO READ THE ENTIRE BOOK PLEASE CONTACT:**

**EMAIL: dsrcf@yahoo.com** OR
**dsrcflahore@gmail.com** OR
**PH: +92.42.37312080**